International Journal of Multidisciplinary Trends

**E-ISSN:** 2709-9369
**P-ISSN:** 2709-9350
www.multisubjectjournal.com
IJMT 2022; 4(2): 37-39
Received: 12-06-2022
Accepted: 15-07-2022

**ਹਰਪ੍ਰੀਤ ਕੌਰ**
ਪੀ.ਐਚ.ਡੀ. (ਪੰਜਾਬੀ)
ਰਿਸਰਚ ਸਕਾਲਰ,
ਪੰਜਾਬੀ ਵਿਭਾਗ, ਰਿਮਟ
ਯੂਨੀਵਰਸਿਟੀ, ਮੰਡੀ
ਗੋਬਿੰਦਗੜ੍ਹ, ਪੰਜਾਬ, ਭਾਰਤ

**Corresponding Author:**
**ਹਰਪ੍ਰੀਤ ਕੌਰ**
ਪੀ.ਐਚ.ਡੀ. (ਪੰਜਾਬੀ)
ਰਿਸਰਚ ਸਕਾਲਰ,
ਪੰਜਾਬੀ ਵਿਭਾਗ, ਰਿਮਟ
ਯੂਨੀਵਰਸਿਟੀ, ਮੰਡੀ
ਗੋਬਿੰਦਗੜ੍ਹ, ਪੰਜਾਬ, ਭਾਰਤ

# ਬਲਜੀਤ ਕੌਰ ਬਲੀ ਦੇ ਨਾਵਲ 'ਆਪਣੀ ਛਾਵੇਂ' ਦਾ ਸਮਾਜਿਕ ਪਰਿਪੇਖ

## ਹਰਪ੍ਰੀਤ ਕੌਰ

**ਜਾਣ-ਪਛਾਣ**

ਬਲਜੀਤ ਕੌਰ ਬਲੀ ਪੰਜਾਬੀ ਗਲਪ ਸਾਹਿਤ ਦੀ ਪ੍ਰਮੁੱਖ ਲੇਖਿਕਾ ਹੈ ਉਸਨੇ ਆਪਣੀਆਂ ਸਾਹਿਤਕ ਰਚਨਾਵਾਂ ਵਿੱਚ, ਆਪਣੇ ਜੀਵਨ ਵਿੱਚ ਕੀਤੇ ਸੰਘਰਸ਼ ਦੀ ਪੇਸ਼ਕਾਰੀ ਕੀਤੀ ਹੈ/ "ਬਲੀ ਦੀ ਇਸ ਵਿਸ਼ੇਸ਼ਤਾ ਦਾ ਮੂਲ ਕਾਰਨ ਇਸ ਗੱਲ ਵਿਚ ਨਿਹਿਤ ਹੈ ਕਿ ਉਸਨੇ ਆਪਣੀ ਜੈਂਡਰ ਹੋਂਦ ਆਪਣੀ ਪ੍ਰਸਿੱਧੀ ਲਈ ਨਹੀਂ ਵਰਤਿਆ ਅਤੇ ਨਾ ਹੀ ਉਹ ਬਾਕੀ ਸਾਰੀ ਲੇਖਿਕਾਵਾਂ ਵਾਂਗ ਮਰਦ ਪ੍ਰਭੂਸੱਤਾ ਵਾਲੇ ਸਮਾਜ ਵਿੱਚ ਔਰਤ ਦੀ ਤ੍ਰਾਸਦਿਕ ਸਥਿਤੀ ਨੂੰ ਚਿਤਰਦੀ ਹੋਈ ਸਮੁੱਚੀ ਮਰਦ ਜਾਤ ਪ੍ਰਤੀ ਵਿਰੋਧੀ ਸੁਰ ਅਪਣਾਉਂਦੀ ਹੈ।"[1]

ਅਸੀਂ ਮਹਿਸੂਸ ਕਰ ਸਕਦੇ ਹਾਂ ਕਿ ਮਰਦ ਨੂੰ ਔਰਤ ਦੀ ਲੋੜ ਸਿਰਫ਼ ਇਸ ਲਈ ਹੈ ਕਿ ਉਹ ਬੱਚੇ ਪੈਦਾ ਕਰੇ। ਸਾਰੀ ਉਮਰ ਲੱਕ ਤੋੜਵੀਂ ਮਿਹਨਤ ਕਰਦੀ ਰਹੇ ਤੇ ਮਰਦ ਦੀਆਂ ਹੈਵਾਨੀ ਖਾਹਿਸ਼ਾਂ ਪੂਰੀਆਂ ਕਰਦੀ ਰਹੇ। ਔਰਤ ਨੇ ਸਮਾਜਿਕ ਗੁਲਾਮੀ ਤੋਂ ਇਲਾਵਾ ਆਰਥਿਕ ਗੁਲਾਮੀ ਨੂੰ ਵੀ ਭੋਗਿਆ ਹੈ। ਗਰੀਬੀ ਤੇ ਆਰਥਿਕ ਮੰਦਹਾਲੀ ਦੀ ਸ਼ਿਕਾਰ ਇੱਕ ਔਰਤ ਆਪਣੇ ਪਰਿਵਾਰ ਨੂੰ ਪਾਲਣ ਲਈ ਤਰ੍ਹਾਂ-ਤਰ੍ਹਾਂ ਦੇ ਪਾਪੜ ਵੇਲਦੀ ਹੈ। ਸਾਡੀਆਂ ਗੱਡੀਆਂ ਵਿੱਚ ਕਣਕ, ਜੁਆਰ ਅਤੇ ਪਸ਼ੂਆਂ ਦੀ ਤਰ੍ਹਾਂ ਔਰਤ ਵੀ ਵਿਕਦੀ ਰਹੀ ਹੈ।

ਲੇਖਿਕਾ ਨੇ ਆਪਣੀਆਂ ਸਮੁੱਚੀਆਂ ਰਚਨਾਵਾਂ ਵਿੱਚ ਔਰਤ ਪਾਤਰਾਂ ਨੂੰ ਸਮਾਜਿਕ ਜੀਵਨ ਰਾਹੀਂ ਪ੍ਰਸਤੁਤ ਕੀਤਾ ਹੈ/ ਆਪਣੇ ਜੀਵਨ ਅਨੁਭਵ ਤੇ ਤਜਰਬਿਆਂ ਨੂੰ ਬਾਖੂਬੀ ਪੇਸ਼ ਕੀਤਾ ਹੈ/ ਇਸ ਵਿੱਚ ਉਸਨੇ ਸਮਾਜਿਕ ਚਿਤਰਣ ਦੇ ਕਈ ਪੱਖਾਂ ਨੂੰ ਜਿਵੇਂ ਧਾਰਮਿਕ, ਆਰਥਿਕ, ਰੀਤੀ-ਰਿਵਾਜ਼, ਲੋਕ-ਵਿਸ਼ਵਾਸ, ਰਹਿਣ-ਸਹਿਣ ਆਦਿ ਨੂੰ ਪੇਸ਼ ਕੀਤਾ ਹੈ/

ਹਥਲੇ ਖੋਜ ਪੱਤਰ ਦਾ ਵਿਸ਼ਾ ਬਲਜੀਤ ਕੌਰ ਬਲੀ ਦੇ ਨਾਵਲ ਨਾਲ ਸਬੰਧਿਤ ਹੈ। ਇਸ ਖੋਜ ਪੱਤਰ ਵਿੱਚ ਬਲਜੀਤ ਕੌਰ ਬਲੀ ਦੁਆਰਾ ਰਚਿਤ ਨਾਵਲ 'ਆਪਣੀ ਛਾਵੇਂ' ਨੂੰ ਸ਼ਾਮਿਲ ਕੀਤਾ ਗਿਆ ਹੈ। 'ਆਪਣੀ ਛਾਵੇਂ' ਨਾਵਲ ਬਲਜੀਤ ਕੌਰ ਬਲੀ ਦੀ ਪ੍ਰਥਮ ਰਚਨਾ ਹੈ/ ਇਸ ਨਾਵਲ ਵਿੱਚ ਉਸਨੇ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਦੇ ਸੰਘਰਸ਼ ਨੂੰ ਪੇਸ਼ ਕੀਤਾ ਹੈ/ ਲੇਖਿਕਾ ਨੇ ਨਾਵਲ ਵਿੱਚ ਵੱਖ-ਵੱਖ ਘਟਨਾਵਾਂ ਰਾਹੀਂ ਆਪਣੀ ਹੱਡਬੀਤੀ ਨੂੰ ਦਰਸਾਇਆ ਹੈ/ ਜੇਕਰ ਇਸ ਨਾਵਲ ਨੂੰ ਲੇਖਿਕਾ ਦੀ ਸਵੈ-ਜੀਵਨੀ ਵੀ ਆਖੀਏ, ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੋਵੇਗੀ/

'ਆਪਣੀ ਛਾਵੇਂ' ਨਾਵਲ ਦੀ ਮੁੱਖ ਪਾਤਰ ਦੀਸ਼ ਜੋ ਕਿ ਸਕੂਲੀ ਅਧਿਆਪਕਾ ਹੈ/ ਦੀਸ਼ ਆਪਣੇ ਅਧਿਕਾਰਾਂ ਪ੍ਰਤੀ ਚੇਤੰਨ ਹੈ/ ਉਸਦਾ ਪਤੀ ਭੁਪਿੰਦਰ ਸਿੰਘ ਪ੍ਰੰਪਰਾਗਤ ਸੋਚ ਦਾ ਧਾਰਨੀ ਹੈ/ ਇਸ ਦਵੰਦ ਵਿੱਚ ਦੀਸ਼ ਸਾਰੀ ਜਿੰਦਗੀ ਪਿਸਦੀ ਹੈ/

ਪੇਂਡੂ ਸਮਾਜਿਕ ਜੀਵਨ ਵਿੱਚ ਔਰਤ ਦੀ ਸਥਿਤੀ ਬੇਵੱਸ ਅਤੇ ਲਾਚਾਰ ਹੈ/ ਮਰਦ ਪ੍ਰਧਾਨ ਸਮਾਜ ਵਿੱਚ ਔਰਤ ਨੂੰ ਸਮਾਜ ਵਿੱਚ ਨੀਵੀਂ ਥਾਂ ਪ੍ਰਾਪਤ ਹੁੰਦੀ ਹੈ/ ਉਸਨੂੰ ਮਰਦ ਦੀ ਅਧੀਨਗੀ ਮੰਨਣੀ ਪੈਂਦੀ ਹੈ/ ਜੇਕਰ ਉਸਦਾ ਪਤੀ ਮਾਰ-ਕੁਟਾਈ ਕਰੇ ਫਿਰ ਵੀ ਪਤਨੀ ਆਪਣੇ ਪਤੀ ਅੱਗੇ ਲਾਚਾਰ ਹੈ/ ਨਾਵਲ ਵਿੱਚ ਦੀਸ਼ ਆਪਣੇ ਪਤੀ ਦੇ ਤਸ਼ੱਦਦ ਨੂੰ ਸਹਿਣ ਕਰਦੀ ਹੋਈ ਮਾਨਸਿਕ ਅਤੇ ਸਰੀਰਕ ਸੰਕਟ ਭੋਗਦੀ ਹੈ :-

> "ਭਾਰੀ ਬੂਟ ਵਰ੍ਹਦੇ ਰਹੇ ਸਨ ਤੇ ਮੈਂ ਹੱਥਾਂ ਦੀ ਢਾਲ ਬਣਾ ਉਨ੍ਹਾਂ ਨੂੰ ਰੋਕਦੀ ਰਹੀ ਸਾਂ/ ਜਦ ਤੱਕ ਕਿ ਮੇਰੇ ਹੱਥ ਦੇ ਅੰਗੂਠੇ ਦਾ ਜੜਾਕਾ ਨਾ ਬੋਲ ਗਿਆ ਮੈਂ ਇਕੋ ਚੀਖ ਮਾਰ ਕੇ ਚਾਕੂ ਵਾਂਗ ਇਕੱਠੀ ਹੋ ਗਈ/ ਬੱਚੇ ਡੈਡੀ ਨਾ ਮਾਰੋ-ਨਾ ਮਾਰੋ ਦੀ ਮੁਹਾਰਨੀ ਰਟ ਰਹੇ ਸਨ/ ਪਰ ਭੁਪਿੰਦਰ ਸਿੰਘ ਨੇ ਬੱਚਿਆ ਤੇ ਤਰਸ ਖਾ ਕੇ ਜਾਂ ਮੇਰੀ ਪੀੜ ਤੋਂ ਘਬਰਾ ਕੇ ਮਾਰਨਾ ਬੰਦ ਨਹੀਂ ਸੀ ਕੀਤਾ

> ਅਸਲ ਵਿੱਚ ਉਸਦੇ ਮਾਰਦਿਆਂ ਹੱਥ ਥੱਕ ਗਏ ਸਨ।"[2]

ਇਸ ਪ੍ਰਕਾਰ ਮਰਦ-ਪ੍ਰਧਾਨ ਸਮਾਜ ਵਿੱਚ ਔਰਤ ਨੂੰ ਜ਼ੁਲਮ ਸਹਿਣੇ ਪੈਂਦੇ ਹਨ/ ਔਰਤ ਮਰਦ ਦੇ ਦੁਰਵਿਵਹਾਰ ਦਾ ਸ਼ਿਕਾਰ ਹੋਣ ਕਾਰਨ ਆਪਣੀਆਂ ਸੱਧਰਾਂ ਅਤੇ ਇੱਛਾਵਾਂ ਦਾ ਘਾਣ ਕਰਨ ਉਪਰੰਤ ਸੰਤਾਪ ਭੋਗਦੀ ਹੈ/ ਇਸ ਨਾਵਲ ਵਿੱਚ ਔਰਤ, ਨਾਰੀਵਾਦ, ਬਦਲਾਵ, ਬਗਾਵਤ, ਬਰਾਬਰੀ, ਤਜਰਬਾ, ਪਿਆਰ ਅਤੇ ਕਾਮਨਾ ਸਾਰੇ ਤੱਤ ਕੰਮ ਕਰਦੇ ਹਨ।

ਪੇਂਡੂ ਸਮਾਜ ਵਿੱਚ ਲੋਕ ਆਪਣੇ ਸੁਆਰਥਾਂ ਲਈ ਪੰਡਤਾਂ, ਸਾਧ-ਸੰਤਾਂ ਅਤੇ ਸਿਆਣਿਆ ਕੋਲ ਧਾਗੇ-ਤਵੀਤ ਲੈਣ ਲਈ ਜਾਂਦੇ ਹਨ/ ਨਾਵਲ ਵਿੱਚ ਭੁਪਿੰਦਰ ਸਿੰਘ ਆਪਣੇ ਭਰਾ ਨਾਲ ਆਪਸੀ ਮਤਭੇਦ ਕਾਰਨ ਝਗੜਾ ਕਰਦਾ ਹੈ ਅਤੇ ਮਨਜੀਤ ਘਰ ਛੱਡ ਕੇ ਚਲਾ ਜਾਂਦਾ ਹੈ/ ਦੀਸ਼ ਉਸਦੀ ਭਾਲ ਲਈ ਕਿਸੇ ਸਿਆਣੇ ਕੋਲ਼ ਪੁੱਛ ਲੈਣ ਲਈ ਜਾਂਦੀ ਹੈ/

ਇਹ ਇੱਕ ਤ੍ਰਾਸਦੀ ਹੀ ਰਹੀ ਹੈ ਕਿ ਅੱਜ ਵੀ ਪਾਖੰਡੀ ਪੁੱਛਾਂ ਦੇਣ ਵਾਲੇ ਸਿਆਣਿਆਂ ਦੇ ਡੇਰਿਆਂ 'ਤੇ ਬਹੁਤੀਆਂ ਔਰਤਾ ਹੀ ਆਪਣੀ ਵੇਦਨਾ ਲੈ ਕੇ ਪਹੁੰਦੀਆਂ ਹਨ/ ਸਾਡੇ ਸਿਆਣੇ ਬਜ਼ੁਰਗ ਕਹਿੰਦੇ ਹੁੰਦੇ ਸਨ ਕਿ ਭਾਈ ਜਿਹੜਾ ਵਿਹਲੜ, ਬੰਦਾ ਲੋਕਾ ਨੂੰ ਮੂਰਖ ਬਣਾ ਕੇ ਮੁਫਤੋ ਮੁਫਤੀ ਦੀ ਕਮਾਈ ਕਰਦਾ ਹੈ ਤੇ ਲੋਕਾਂ ਤੇ ਆਪਣਾ ਭੈਅ ਛੱਡਦਾ ਹੈ ਫੇਰ ਭਾਈ ਉਸਦੇ ਵਰਗਾ ਸਿਆਣਾ ਕਿਹੜਾ ਹੋਇਆ/ ਬਲਜੀਤ ਬਲੀ ਵੀ ਅਜਿਹੇ ਸਿਆਣਿਆਂ ਦੀ ਬਾਤ ਬਾਖੂਬੀ ਕਰ ਗਈ ਹੈ/

ਇਸ ਤਰ੍ਹਾਂ ਲੋਕਾਂ ਵਿੱਚ ਫੈਲੇ ਅੰਧਵਿਸ਼ਵਾਸ ਭੋਲੇ-ਭਾਲ਼ੇ ਲੋਕਾਂ ਦੇ ਪਛੜੇਪਨ ਨੂੰ ਬਿਆਨ ਕੀਤਾ ਹੈ/ ਵੇਖੋ ਕਿਸ ਤਰ੍ਹਾਂ ਪਿੱਛੇ ਲੱਗ ਆਪਣਾ ਸਮਾਂ 'ਤੇ ਪੈਸਾ ਬਰਬਾਦ ਕਰਦੇ ਹਨ :-

> "ਸਤਾਈ ਸੈਕਟਰ ਵਾਲਾ ਪ੍ਰਮਾਤਮਾ ਸਿੰਘ ਤਾਂ ਕਿਸੇ ਅੰਗ੍ਰੇਜ ਦੀ ਰੂਹ ਬੁਲਾ ਲਿਆ ਕਰਦਾ ਸੀ/ ਕਹਿੰਦੇ ਸਨ ਰੂਹ ਉਸਦੀ ਸਿਧ ਕੀਤੀ ਹੋਈ ਹੈ/ ਉਹ ਜਦੋਂ ਰੂਹ ਨੂੰ ਬੁਲਾਉਂਦਾ ਤਾਂ ਸਭ ਦੇ ਮਨਾਂ ਦੀ ਗੱਲ ਦਸ ਦਿੰਦਾ ਮੈਂ ਵੀ ਉਸ ਕੋਲ ਇਕ ਬਾਰ ਗਈ ਸਾਂ ਸ਼ੀਸ਼ੇ ਹੇਠ ਗੋਲ ਦਾਇਰੇ ਵਿੱਚ ਪਏ ਅੰਗ੍ਰੇਜ਼ੀ ਦੇ ਅੱਖਰਾਂ ਤੇ ਉਂਗਲ ਘੁਮਾਦਿਆਂ ਅੱਖਰਾਂ ਨੂੰ ਜੋੜ ਜੋੜ ਉਸ ਮੇਰੇ ਨਾਲ ਬੀਤੀ ਰਾਤ ਵਾਲੀ ਘਟਨਾ ਦਸ ਦਿੱਤੀ ਸੀ।"[3]

ਇਸ ਤਰ੍ਹਾਂ ਪੇਂਡੂ ਸਮਾਜ ਵਿੱਚ ਲੋਕ ਆਪਣੇ ਜੀਵਨ ਕਾਲ ਦੌਰਾਨ ਆਉਂਦੀਆਂ ਮੁਸ਼ਕਿਲਾਂ ਨੂੰ ਦੂਰ ਕਰਨ ਲਈ ਵੱਖ-ਵੱਖ ਪ੍ਰਕਾਰ ਦੇ ਹੱਥ ਕੰਡੇ ਅਪਣਾਉਂਦੇ ਹਨ, ਇਸ ਨਾਵਲ ਵਿੱਚ ਪੇਂਡੂ ਲੋਕਾਂ ਦੀ ਮਾਨਸਿਕਤਾ ਦਾ ਪ੍ਰਗਟਾਵਾ ਵੀ ਵੇਖਣ ਨੂੰ ਮਿਲਦਾ ਹੈ/

ਸਮਾਜਿਕ ਜਨ-ਜੀਵਨ ਵਿੱਚ ਜਦੋਂ ਕੋਈ ਔਰਤ ਆਪਣੇ ਵਰ-ਘਰ ਨੂੰ ਛੱਡ ਕੇ ਪੇਕੇ ਪਰਿਵਾਰ ਦੀ ਦਹਿਲੀਜ਼ 'ਤੇ ਆਣ ਬੈਠਦੀ ਹੈ ਤਾਂ ਮਾਂ-ਬਾਪ ਦੇ ਹਿਜ਼ਰ ਵਿੱਚ ਅੱਗ ਦੇ ਭਾਂਬੜ ਮੱਚਦੇ ਹਨ, ਸ਼ਰੀਕੇ-ਭਾਈਚਾਰੇ ਵਿੱਚ ਬੁਰਾ ਮੰਨਿਆ ਜਾਂਦਾ ਹੈ/ ਨਾਵਲ ਵਿੱਚ ਜਦੋਂ ਦੀਸ਼ ਆਪਣੇ ਵਰ-ਘਰ ਨੂੰ ਛੱਡ ਕੇ ਪੇਕੇ ਪਹੁੰਚਦੀ ਹੈ ਤਾਂ ਦੀਸ਼ ਦੇ ਮਾਂ ਪਿਉ ਆਪਣੀ ਲਾਚਾਰੀ ਦਾ ਪ੍ਰਗਟਾਵਾ ਕਰਦੇ ਹੋਏ ਆਖਦੇ ਹਨ : -

> "ਨੀ ਮੇਰੀ ਲਾਡਾਂ ਨਾਲ ਪਾਲ਼ੀਏ ਦੀਸ਼ ਬੱਚੀਏ-ਨੀ ਮੇਰੀ ਮਾੜੇ ਲਿਖੇ ਲੇਖਾਂ ਵਾਲੀਏ ਧੀਏ ਛੋਟਾ ਵੀਰ ਛਮ-ਛਮ ਅੱਥਰੂ ਕੇਰੇ-ਭੁੱਬਾਂ ਮਾਰ ਮਾਰ ਰੋਵੇ-ਵਰਾਇਆ ਵਿਰੇ ਨਾ ਤੇ ਮੁੜ ਮੁੜ ਆਖੇ 'ਉਏ ਮਾੜੀ ਪੰਜਾਂ ਭਰਾਵਾਂ ਦੀ ਭੈਣ-ਹਾਇ ਉਇ ਅਸੀਂ ਜਿਉਂਦੇ ਮਰਗੇ।"[4]

ਸਮਾਜ ਵਿੱਚ ਔਰਤ-ਮਰਦ ਦੇ ਗੈਰ-ਸਦਾਚਾਰਕ ਰਿਸ਼ਤਿਆਂ ਨੂੰ ਨਕਾਰਿਆ ਜਾਂਦਾ ਹੈ/ ਸਮਾਜਿਕ ਮਰਿਯਾਦਾ ਅਨੁਸਾਰ ਵਿਆਹ ਤੋਂ ਬਿਨਾਂ ਔਰਤ-ਮਰਦ ਦਾ ਇਕੱਠਿਆਂ ਰਹਿਣਾ ਨੈਤਿਕ ਕਦਰਾਂ ਕੀਮਤਾਂ ਨੂੰ ਲਿਤਾੜਦਾ ਹੈ/ ਸਮਾਜ ਵਿੱਚ ਔਰਤ-ਮਰਦ ਦੇ ਨਜਾਇਜ਼ ਰਿਸ਼ਤੇ ਮਨੁੱਖੀ ਰਿਸ਼ਤਿਆਂ ਦੀ ਪਵਿੱਤਰਤਾ ਨੂੰ ਢਾਹ ਲਾਉਂਦੇ ਹਨ/ ਨਾਵਲ ਵਿੱਚ ਦੀਸ਼ ਆਪਣੇ ਪਤੀ ਭੁਪਿੰਦਰ ਸਿੰਘ ਨਾਲ ਅਣਬਣ ਤੋਂ ਬਾਅਦ ਮਨਜੀਤ (ਦਿਉਰ) ਨਾਲ ਗੈਰ-ਸਦਾਚਾਰਕ ਸੰਬੰਧ ਸਥਾਪਿਤ ਕਰਦੀ ਹੈ :-

> "ਤੂੰ ਬਾਈ ਨਾਲ ਆਪਣਾ ਸਮਝੌਤਾ ਕਰ ਲੈ-ਮੈਂ ਤੇਰੇ ਨਾਲ ਵਿਆਹਿਆ ਨਹੀਂ ਹੋਇਆ/ ਮੈਂ ਆਪਣਾ ਜੀਵਨ ਸਾਥੀ ਚੁਣ ਲਿਆ ਹੈ ... ਆਪਣੇ ਬੱਚਿਆਂ ਦੀ ਮਾਂ।"[5]

ਲੇਖਿਕਾ ਨੇ ਇਸ ਨਾਵਲ ਵਿੱਚ ਔਰਤ ਨੂੰ ਪ੍ਰੰਪਰਾਵਾਦੀ ਨੈਤਿਕ-ਮੁੱਲਾਂ ਦੀ ਉਲੰਘਣਾ ਕਰਦੀ ਹੋਈ ਸਿਰਜਿਆ ਹੈ/ ਪੇਂਡੂ ਸਮਾਜ ਵਿੱਚ ਅਜਿਹੀ ਔਰਤ ਨੂੰ ਦੁਰਕਾਰਿਆਂ ਜਾਂਦਾ ਹੈ/ ਦੀਸ਼ ਜਗੀਰੂ ਸਦਾਚਾਰਕ ਸੰਸਕਾਰਾਂ ਦੇ ਉਲਟ ਸ਼ਰਾਬਾਂ ਪੀਂਦੀ ਹੈ, ਜਿਸ ਦਾ ਵੇਰਵਾ ਇਹਨਾਂ ਸਤਰ੍ਹਾਂ ਤੋਂ ਮਿਲਦਾ ਹੈ:-

> "ਕੰਬਦੇ ਕੰਬਦੇ ਹੱਥ ਮੇਜ਼ ਵੱਲ ਵਧੇ ਜਾ ਰਹੇ ਸਨ/ ਹੌਲੀ-ਹੌਲੀ ਮੇਜ਼ 'ਤੇ ਪਏ ਗਲਾਸ ਗਲ ਜਾ ਲੱਗੇ ਉਹ ਨੱਕੋ ਨੱਕ ਭਰ ਗਿਆ ਗਲਾਸ। ਰਾਤ ਸਾਰੀ ਮੈਂ ਸ਼ਰਾਬ ਦੇ ਪਾਣੀਆਂ ਨੂੰ ਜਿਗਰ ਦੇ ਖੂਨ ਵਿੱਚ ਰਲਾ ਰਲਾ ਪੀਂਦੀ ਰਹੀ।"[6]

ਪੇਂਡੂ ਸਮਾਜ ਵਿੱਚ ਗੈਰ-ਸਮਾਜਿਕ ਰਿਸ਼ਤਿਆਂ ਨੂੰ ਸਿਰੇ ਚੜ੍ਹਾਉਣ ਵਿੱਚ ਅਸਫ਼ਲਤਾ ਮਿਲਦੀ ਹੈ/ ਦੀਸ਼ ਦੀ ਸਥਿਤੀ ਵਧੇਰੇ ਦੁਬਿਧਾ ਤੇ ਦੁਖਦਾਈ ਭਰੀ ਹੋ ਜਾਂਦੀ ਹੈ/ ਜਦੋਂ ਮਨਜੀਤ ਸਿੰਘ ਕਿਸੇ ਹੋਰ ਔਰਤ ਨਾਲ ਨਜ਼ਾਇਜ਼ ਸੰਬੰਧ ਸਥਾਪਿਤ ਕਰਦਾ ਹੈ/

> "ਬੱਸ! ਮੈਂ ਤੈਨੂੰ ਪਿਆਰ ਨਹੀਂ ਕਰ ਸਕਦਾ/ ਮੈਥੋਂ ਨੀ ਹੋਰ ਕੁਰਬਾਨੀ ਦਾ ਬੱਕਰਾ ਬਣ ਹੁੰਦਾ।"[7]

ਪੇਂਡੂ ਲੋਕ ਪ੍ਰੰਪਰਾਗਤ ਸੰਸਕ੍ਰਿਤੀ ਅਧੀਨ ਆਪਣੇ ਜੀਵਨ ਢੰਗ ਨੂੰ ਅਪਣਾਉਂਦੇ ਹਨ/ ਨਾਵਲ ਵਿੱਚ ਦੀਸ਼ ਦਾ ਸਹੁਰਾ ਪਰਿਵਾਰ ਪ੍ਰੰਪਰਾਗਤ ਮਨੋਬਿਰਤੀ ਦਾ ਧਾਰਨੀ ਹੈ/ ਦੀਸ਼ ਦਾ ਪਤੀ ਪਰੰਪਰਕ ਸੋਚ ਕਾਰਨ ਉਸਨੂੰ ਆਪਣੀ ਗੁਲਾਮ ਬਣਾਉਣਾ ਚਾਹੁੰਦਾ ਹੈ/ ਇਸ ਦੇ ਉਲਟ ਦੀਸ਼ ਆਧੁਨਿਕ ਵਿਚਾਰਾਂ ਵਾਲ਼ੀ ਔਰਤ ਹੈ ਜਿਸ ਕਰਕੇ ਉਹਨਾਂ ਦੇ ਰਿਸ਼ਤੇ ਦਰਮਿਆਨ ਕੁੜੱਤਣ ਆ ਜਾਂਦੀ ਹੈ/ ਦੀਸ਼ ਨੂੰ ਆਪਣੇ ਪਤੀ ਦੇ ਨਾਲ-ਨਾਲ ਸੱਸ ਅਤੇ ਨਨਾਣਾਂ ਦੇ ਅੱਤਿਆਚਾਰਾਂ ਦਾ ਸ਼ਿਕਾਰ ਹੋਣਾ ਪੈਂਦਾ ਏ :-

> "ਦਿਹਲੀਆਂ ਟਪਾ ਅੰਦਰ ਬਠਾ ਦਿੱਤੀ ਬਹੂ ਨੂੰ ਭੁੰਜੇ ਦੋੜਾ ਵਿਛਾ ਕੇ/ ਬਹੂ ਨੂੰ ਨੀਵੇਂ ਥਾਂ ਬਹਾਉਣ ਦਾ ਉਚੇਚਾ ਉਪਰਾਲਾ ਕੀਤਾ ਗਿਆ ਸੀ ਤਾਂ ਜੋ ਮੁੰਡੇ ਦੀ ਜੁੱਤੀ ਹੇਠ ਰਹੇ।"[8]

ਜਗੀਰਦਾਰੀ ਸਮਾਜ ਅੰਦਰ ਮੁੱਢ ਤੋਂ ਮੁੰਡੇ-ਕੁੜੀ ਦਰਮਿਆਨ ਅੰਤਰ ਰੱਖਿਆ ਜਾਂਦਾ ਹੈ/ ਮੁੰਡੇ ਦੇ ਜੰਮਣ ਤੇ ਖੁਸ਼ੀਆਂ-ਖੇੜੇ ਵੰਡੇ ਜਾਂਦੇ ਹਨ ਅਤੇ ਕੁੜੀ ਦੇ ਪੈਦਾ ਹੋਣ ਤੇ ਸੋਗ ਮਨਾਇਆ ਜਾਂਦਾ ਹੈ/ ਜਦੋਂ ਔਰਤ ਗਰਭਵਤੀ ਹੁੰਦੀ ਹੈ, ਤਾਂ ਉਸਦੇ ਬੱਚੇ ਬਾਰੇ ਵੱਖ-ਵੱਖ ਅਨੁਮਾਨ

ਲਗਾਏ ਜਾਂਦੇ ਹਨ :-

> "ਜਠਾਣੀ ਹੱਸਕੇ ਆਖ ਗਈ ਸੀ, "ਮੈਂ ਥੋਨੂੰ ਪਹਿਲਾਂ ਨੀ ਸੀ ਦਸਤਾ ਬਈ ਦੀਸ਼ੋ ਦੇ ਕੁੜੀ ਹੋਊ।"[9]

ਬਲਜੀਤ ਕੌਰ ਬਲੀ ਨੇ ਪਿੰਡਾਂ ਵਿੱਚ ਰਹਿੰਦੇ ਲੋਕਾਂ ਦੇ ਸਮਾਜਕ ਜੀਵਨ ਨੂੰ 'ਆਪਣੀ ਛਾਵੇਂ' ਨਾਵਲ ਵਿੱਚ ਚਿਤਰਿਆ ਹੈ/ ਪਿੰਡ ਦੇ ਲੋਕ ਸੱਥਾਂ, ਦਰਵਾਜ਼ਿਆਂ, ਚੌਕਾਂ ਵਿੱਚ ਬਹਿ ਕੇ ਆਪਣੇ ਜ਼ਜ਼ਬਾਤ ਸਾਂਝੇ ਕਰਦੇ ਹਨ/ ਜਦੋਂ ਕੋਈ ਪਿੰਡ ਵਿੱਚ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਉਹ ਪੂਰੇ ਪਿੰਡ ਵਿੱਚ ਚਰਚਾ ਦਾ ਵਿਸ਼ਾ ਬਣਦੀ ਹੈ/ ਨਾਵਲ ਵਿੱਚ ਦੀਸ਼ ਆਪਣੇ ਪਤੀ ਤੋਂ ਵੱਖ ਹੋ ਕੇ ਪੇਕੇ ਪਰਿਵਾਰ ਨਾਲ ਰਹਿੰਦੀ ਹੈ ਤਾ ਲੋਕ ਮੂੰਹ ਨਾਲ ਮੂੰਹ ਜੋੜ-ਜੋੜ ਕੇ ਗੱਲਾਂ ਕਰਦੇ ਹਨ/ ਜਿਸ ਦਾ ਜ਼ਿਕਰ ਬਲੀ ਨੇ ਇਹਨਾਂ ਸ਼ਬਦਾਂ ਰਾਹੀਂ ਕੀਤਾ ਹੈ:-

> "ਮੈਂ ਬਥੇਰਾ ਕੰਨਾਂ ਨੂੰ ਬੋਚ ਬੋਚ ਰੱਖਦੀ ਪਰ ਕੋਈ ਨਾ ਕੋਈ ਨਵੀਂ ਗੱਲ ਕੰਨੀਂ ਪੈ ਹੀ ਜਾਂਦੀ/ "ਇਹ ਘਰ ਵਾਲੇ ਦੀ ਛੱਡੀ ਹੋਈ ਆ।" "ਨੀ ਨਹੀਂ! ਕਹਿੰਦੇ ਨੇ ਕੁਟ ਮਾਰਕੇ ਘਰੋਂ ਕੱਢ ਦਿੱਤਾ ਇਸਨੂੰ" "ਨਹੀਂ ਕਾਹਨੂੰ ਇਹਨੈ ਤਾਂ ਆਪ ਹੀ ਛੱਡਿਆ ਉਸਨੂੰ/ ਕੋਈ ਹੋਰ ਹੀ ਆਪਣੀ ਪਸ਼ਤੋ ਮਾਰੇ, 'ਐ ਰਹਿੰਦੀਆਂ ਤੀਵੀਆਂ ਕਦੇ/ ਕਿਸੇ ਨੂੰ ਮੇਰੇ ਬੱਚਿਆਂ ਦਾ ਫਿਕਰ ਕਿਸੇ ਨੂੰ ਭੁਪਿੰਦਰ ਸਿੰਘ ਦੀ ਚਿੰਤਾ/ ਇਕ ਇਕ ਮੂੰਹ ਤੋਂ ਗੱਲਾਂ ਦੇ ਦੁਗਣੇ ਖੰਭ ਚੌਗਣੀਆਂ ਡਾਰਾਂ ਬਣ ਉੱਡਣ।"[10]

ਉਪਰੋਕਤ ਚਰਚਾ ਤੋਂ ਸ਼ਪੱਸ਼ਟ ਹੁੰਦਾ ਹੈ ਕਿ ਬਲਜੀਤ ਕੌਰ ਬਲੀ ਨੇ ਪੇਂਡੂ ਸਮਾਜਿਕ ਜਨ-ਜੀਵਨ ਦੀ ਯਥਾਰਥਕ ਤਸਵੀਰ ਨੂੰ ਪੇਸ਼ ਕੀਤਾ ਹੈ/

## ਹਵਾਲੇ ਅਤੇ ਟਿੱਪਣੀਆਂ


1. ਪਰਮਜੀਤ ਕੌਰ (ਡਾ.), ਬਲਜੀਤ ਕੌਰ ਬਲੀ ਦੀ ਬਿਰਤਾਂਤ ਸੰਵੇਦਨਾ, ਪੰਨਾ 64.
2. ਬਲਜੀਤ ਕੌਰ ਬਲੀ, ਆਪਣੀ ਛਾਵੇਂ, ਪੰਨਾ 12.
3. ਉਹੀ, ਪੰਨਾ 24.
4. ਉਹੀ, ਪੰਨਾ 32.
5. ਉਹੀ, ਪੰਨਾ 129.
6. ਉਹੀ, ਪੰਨਾ 65.
7. ਉਹੀ, ਪੰਨਾ 129.
8. ਉਹੀ, ਪੰਨਾ 91.
9. ਉਹੀ, ਪੰਨਾ 87.
10. ਉਹੀ, ਪੰਨਾ 40.